

# ਮੇਰੀ ਮਨਪਸੰਦ ਦੁਕਾਨ

ਪ੍ਰੀ-ਪ੍ਰਾਇਮਰੀ-2 ਲਈ

ਸਕੂਲ ਸਿੱਖਿਆ ਵਿਭਾਗ, ਪੰਜਾਬ

# ਮੇਰੀ ਮਨਪਸੰਦ ਦੁਕਾਨ



ਲੇਖਕ: ਮੀਰਾ ਤੇਂਦੁਲਕਰ
ਚਿੱਤਰਕਾਰ: ਰਿਜੁਤਾ ਘਾਟੇ, ਸੰਤੋਸ਼ ਪੁਜਾਰੀ, ਪਵਨਦੀਪ ਕੌਰ

ਮੈਂ ਅਤੇ ਮੰਮੀ ਬਜ਼ਾਰ ਗਏ।
ਉੱਥੇ ਬਹੁਤ ਸਾਰੀਆਂ ਦੁਕਾਨਾਂ ਸਨ।

ਕੁਝ ਲੋਕ ਚੀਜ਼ਾਂ ਖ਼ਰੀਦ ਰਹੇ ਸਨ ਅਤੇ ਕੁਝ ਬਸ
ਇੱਧਰ-ਉੱਧਰ ਦੇਖ ਰਹੇ ਸਨ।


NEW

ਸਭ ਤੋਂ ਪਹਿਲਾਂ ਅਸੀਂ ਰਾਸ਼ਨ ਦੀ ਦੁਕਾਨ ’ਤੇ ਗਏ।

ਮੰਮੀ ਨੇ ਆਟਾ, ਚਾਵਲ, ਖੰਡ ਅਤੇ ਦਾਲ਼ਾਂ ਖ਼ਰੀਦੀਆਂ।

ਅਸੀਂ ਦੁਕਾਨਦਾਰ ਨੂੰ ਕਿਹਾ ਕਿ ਇਹ ਸਮਾਨ ਸਾਡੇ ਘਰ ਪਹੁੰਚਾ ਦੇਣ।


10%
20/-
29/-

ਇਸ ਤੋਂ ਬਾਅਦ ਅਸੀਂ ਸਬਜ਼ੀਆਂ ਦੀ ਦੁਕਾਨ ’ਤੇ ਰੁਕੇ।

ਮੈਂ ਮੰਮੀ ਨੂੰ ਪੁੱਛਿਆ, “ਕੀ ਤੁਸੀਂ ਸਬਜ਼ੀਆਂ ਖ਼ਰੀਦਣੀਆਂ ਹਨ?”

“ਨਹੀਂ”, ਮੰਮੀ ਨੇ ਜਵਾਬ ਦਿੱਤਾ।

ਸਬਜ਼ੀ ਵੇਚਣ ਵਾਲ਼ੀ ਨੇ ਅਵਾਜ਼ ਲਗਾਈ, “ਆਓ ਹਰੀਆਂ ਅਤੇ ਤਾਜ਼ੀਆਂ ਸਬਜ਼ੀਆਂ ਲੈ ਜਾਓ।”



ਮੰਮੀ ਇਸ ਦੁਕਾਨ ’ਤੇ ਕਿਉਂ ਰੁਕ ਗਏ?

ਓਹ! ਇਹ ਤੇਲ ਦੀ ਦੁਕਾਨ ਹੈ। ਸਭ ਪਾਸੇ ਇਸ ਦੀ ਹੀ ਗੰਧ ਆ ਰਹੀ ਹੈ।

ਮੰਮੀ ਕਹਿਣ ਲੱਗੇ, “ਤੇਲ ਬਹੁਤ ਮਹਿੰਗਾ ਹੈ।”


ਨਾਰੀਅਲ
ਦਾ ਤੇਲ
ਜੈਤੂਨ ਦਾ
ਤੇਲ
ਤਿਲਾਂ
ਦਾ ਤੇਲ
ਸਰ੍ਹੋਂ ਦਾ
ਤੇਲ

ਅਸੀਂ ਡੇਅਰੀ ’ਤੇ ਰੁਕੇ। ਮੰਮੀ ਨੇ ਘਿਉ ਅਤੇ ਪਨੀਰ ਖਰੀਦਿਆ।

ਇਸ ਕੋਲ਼ ਕੁਲਫ਼ੀ ਕਿਉਂ ਨਹੀਂ ਹੈ? ਮੈਨੂੰ ਇਹ ਬਹੁਤ ਪਸੰਦ ਹੈ।

ਤੁਹਾਨੂੰ ਕੀ ਲਗਦਾ ਹੈ ਕਿ ਮੰਮੀ ਮੈਨੂੰ ਕੁਲਫ਼ੀ ਲੈ ਕੇ ਦੇਣਗੇ?


दूध

“ਅਸੀਂ ਬਰਤਨ ਵੀ ਖ਼ਰੀਦਣੇ ਹਨ?”, ਮੈਂ ਪੁੱਛਿਆ।


“ਹਾਂ, ਬੇਟਾ ਮੈਂ ਸੋਚ ਰਹੀ ਸੀ ਘਰ ਲਈ ਕੁਝ ਬਰਤਨ ਖ਼ਰੀਦ ਲਈਏ।”


ਸਟੀਲ

“ਨਹੀਂ ਮੰਮੀ! ਇਸ ਦੁਕਾਨ ’ਤੇ ਨਹੀਂ ਜਾਣਾ”, ਮੈਂ ਕਿਹਾ।

ਮੇਰੇ ਮੰਮੀ ਨੂੰ ਕੱਪੜਿਆਂ ਦੀ ਦੁਕਾਨ ਪਸੰਦ ਹੈ।

ਦੁਕਾਨਦਾਰ ਨੇ ਬਹੁਤ ਸੂਟ ਦਿਖਾਏ। ਮੰਮੀ ਨੇ ਦੀਦੀ ਲਈ ਇੱਕ ਸੂਟ ਖ਼ਰੀਦਿਆ।



ਮੈਨੂੰ ਤਾਂ ਸਿਰਫ਼ ਇਹ ਦੁਕਾਨ ਪਸੰਦ ਹੈ! ਖਿਡੌਣਿਆਂ ਦੀ ਦੁਕਾਨ।

ਮੇਰਾ ਮਨ ਸਕੂਟਰ ਖ਼ਰੀਦਣ ਨੂੰ ਕਰ ਰਿਹਾ ਹੈ। ਮੈਂ ਟਰੱਕ ਵੀ ਖ਼ਰੀਦਣਾ ਚਾਹੁੰਦਾ ਹਾਂ।

ਮੰਮੀ ਨੇ ਮੈਨੂੰ ਇੱਕ ਸਕੂਟਰ ਲੈ ਦਿੱਤਾ ਅਤੇ ਕਿਹਾ ਕਿ ਇਹ ਤੁਹਾਡੇ ਜਨਮਦਿਨ ਦਾ ਤੋਹਫ਼ਾ ਹੈ।



# ਤੁਸੀਂ ਬਜ਼ਾਰ ਵਿੱਚ ਕਿਹੜੀਆਂ-ਕਿਹੜੀਆਂ ਦੁਕਾਨਾਂ ਦੇਖਦੇ ਹੋ?

PRATHAM BOOKS
**storyweaver**

StoryWeaver is a digital repository of multilingual stories for children from Pratham Books. Now, every child can have access to an endless stream of stories in her mother tongue to read and enjoy.

**PRATHAM BOOKS**
**A Book in Every Child's Hand**

Pratham Books is a not-for-profit organization that publishes books in multiple Indian languages to promote reading among children.

**PRATHAM**

Pratham is an innovative learning organization created to improve the quality of education in India.

ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ, ਮੁਹਾਲੀ